# ਗੌਰਮਿੰਟ ਕਾਲਜ ਰਿਟਾਇਰਡ ਟੀਚਰਜ਼ ਵੈਲਫੇਅਰ ਐਸੋਸੀਏਸ਼ਨ (ਪੰਜਾਬ)

(ਰਜਿਸਟਰਾਰ, ਸੋਸਾਇਟੀਜ਼ ਐਂਡ ਫਰਮਜ਼, ਪੰਜਾਬ ਵਲੋਂ ਰਜਿਸਟ੍ਰੇਸ਼ਨ ਨੰਬਰ 453 ਆਫ 2022-23 ਅਨੁਸਾਰ ਰਜਿਸਟਰਡ)

ਵੱਲ,

ਪ੍ਰਿੰਸੀਪਲ,

ਸਰਕਾਰੀ ਕਾਲਜ, ਡੇਰਾਬਸੀ।

ਨੰਬਰ: ਵਜੀਫਾ-01/2022-2023 ਮਿਤੀ 12-02-2023

ਵਿਸ਼ਾ: ਸਕਾਲਰਸ਼ਿਪ ਲਈ ਵਿਦਿਆਰਥੀਆਂ ਪਾਸੋਂ ਅਰਜ਼ੀਆਂ ਦੀ ਮੰਗ।

ਐਸੋਸੀਏਸ਼ਨ ਸਾਲ 2005 ਤੋਂ ਲੋੜਵੰਦ ਅਤੇ ਹੁਸ਼ਿਆਰ ਵਿਦਿਆਰਥੀਆਂ ਨੂੰ ਵਜ਼ੀਫੇ ਪ੍ਰਦਾਨ ਕਰਦੀ ਆ ਰਹੀ ਹੈ।ਇਸ ਸਾਲ ਐਸੋਸੀਏਸ਼ਨ ਵਲੋਂ 50, ਵੱਖ-ਵੱਖ ਯੂਨਿਟਾਂ ਦੇ ਰਿਟਾਇਰਡ ਟੀਚਰਜ਼ ਵਲੋਂ ਅਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ 150 ਹੋਰ (ਇਹਨਾਂ ਦੀ ਗਿਣਤੀ ਵੱਧ ਵੀ ਸਕਦੀ ਹੈ) ਵਿਦਿਆਰਥੀਆਂ ਨੂੰ ਵਜ਼ੀਫੇ ਪ੍ਰਦਾਨ ਕੀਤੇ ਜਾਣੇ ਹਨ। ਵਜ਼ੀਫਾ ਪ੍ਰਾਪਤ ਕਰਨ ਲਈ ਵਿਦਿਆਰਥੀ ਐਸੋਸੀਏਸ਼ਨ ਦੇ ਨਿਰਧਾਰਤ ਫਾਰਮ, ਜੋ ਕਿ ਨਾਲ ਨੱਥੀ ਹੈ, ਉਪਰ ਬਿਨੈ ਕਰ ਸਕਦਾ ਹੈ।ਵਜ਼ੀਫਾ ਫਾਰਮ ਐਸੋਸੀਏਸ਼ਨ ਦੀ ਵੈਬਸਾਈਟ pbgcrtwa.org ਦੇ ਸਕਾਲਰਸ਼ਿਪ ਫੋਲਡਰ ਤੋਂ ਵੀ ਡਾਊਨ ਲੋਡ ਕੀਤਾ ਜਾ ਸਕਦਾ ਹੈ।ਲੋੜ ਅਨੁਸਾਰ ਵਜ਼ੀਫਾ ਫਾਰਮ ਦੀਆਂ ਫੋਟੋ ਕਾਪੀਆਂ ਵੀ ਕਰਵਾਈਆਂ ਜਾ ਸਕਦੀਆਂ ਹਨ।ਸ਼ਰਤਾਂ ਨਿਮਨ ਅਨੁਸਾਰ ਹੋਣਗੀਆਂ:

1. ਵਿਦਿਆਰਥੀ ਰੈਗੂਲਰ ਤੌਰ ਤੇ ਸਿਖਿਆ ਪ੍ਰਾਪਤ ਕਰਦਾ ਹੋਵੇ।
2. ਵਿਦਿਆਰਥੀ ਨੇ ਬੇਸ ਕਲਾਸ ਵਿੱਚੋਂ ਘੱਟ ਤੋਂ ਘੱਟ 60 ਪ੍ਰਤਿਸ਼ਤ ਅੰਕ ਪ੍ਰਾਪਤ ਕੀਤੇ ਹੋਣ।ਹਰ ਕਲਾਸ/ਸਮੈਸਟਰ ਨਾਲ ਸਬੰਧਤ ਸਰਟੀਫਿਕੇਟਾਂ ਦੀਆਂ ਸਵੈ ਤਸਦੀਕੀ ਕਾਪੀਆਂ ਨਾਲ ਨੱਥੀ ਕੀਤੀ ਜਾਣ।
3. ਵਿਦਿਆਰਥੀ ਨੇ ਵਜੀਫੇ ਦੀ ਰਾਸ਼ੀ ਪ੍ਰਾਪਤ ਕਰਨ ਲਈ ਅਪਲਾਈ ਕਰਨ ਸਮੇਂ ਆਪਣੀ ਲੋੜ ਨੂੰ ਸਿੱਧ ਕਰਨ ਵਿੱਚ ਇਮਾਨਦਾਰਾਨਾ ਪਹੁੰਚ ਅਪਣਾਈ ਹੋਵੇ।
4. ਵਜ਼ੀਫੇ ਦੀ ਯਕਮੁਸ਼ਤ ਰਾਸ਼ੀ 2500/- ਪ੍ਰਤਿ ਵਿਦਿਆਰਥੀ ਸਾਲ ਵਿੱਚ ਇਕ ਵਾਰ ਹੀ ਹੋਵੇਗੀ।
5. ਵਿਦਿਆਰਥੀ ਆਪਣਾ ਬਿਨੈ ਫਾਰਮ ਮਿਤੀ 28 ਫਰਵਰੀ ਤੱਕ ਐਸੋਸੀਏਸ਼ਨ ਵਲੋਂ ਨਾਮਜ਼ਦ ਸਬੰਧਤ ਕਾਲਜ ਦੇ ਪ੍ਰੋਫੈਸਰ ਪਾਸ ਸਬਮਿਟ ਕਰ ਸਕਦਾ ਹੈ।
6. ਨਾਮਜ਼ਦ ਪ੍ਰੋਫੈਸਰ ਵਿਦਿਆਰਥੀਆਂ ਪਾਸੋਂ ਅਰਜ਼ੀਆਂ ਪ੍ਰਾਪਤ ਕਰਨ ਉਪਰੰਤ ਸਬੰਧਤ ਕਾਲਜ ਦੇ ਪ੍ਰਿੰਸੀਪਲ/ਸੀਨੀਅਰ ਪ੍ਰੋਫੈਸਰ ਪਾਸੋਂ ਸਿਫਾਰਸ਼ ਕਰਵਾ ਕੇ ਜਾਂ ਖੁਦ ਹੀ ਸਿਫਾਰਸ਼ ਕਰ ਕੇ ਅਰਜ਼ੀ ਫਾਰਮ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ/ਸਕੱਤਰ ਜਾਂ ਕਿਸੇ ਵੀ ਅਧਿਕਾਰਤ ਮੈਂਬਰ ਤੱਕ ਮਿਤੀ 5 ਮਾਰਚ ਤੱਕ ਪੁੱਜਦਾ ਕਰੇਗਾ।
7. ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ/ਸਕੱਤਰ ਜਾਂ ਕਿਸੇ ਵੀ ਅਧਿਕਾਰਤ ਮੈਂਬਰ ਵਜ਼ੀਫਾ ਫਾਰਮਾਂ ਨੂੰ ਦਸਤੀ/ਕੋਰੀਅਰ/ਰਜਿਸਟਰਡ ਡਾਕ ਰਾਹੀਂ ਨਿਮਨ ਹਸਤਾਖਰੀ ਨੂੰ ਮਿਤੀ 10 ਮਾਰਚ 2023 ਤੱਕ ਪੁੱਜਦਾ ਕਰੇਗਾ।
8. ਲਾਭ ਪਾਤਰੀ ਵਿਦਿਆਰਥੀਆਂ ਦੀ ਸੂਚੀ ਮਿਤੀ 31 ਮਾਰਚ ਤੱਕ ਜਾਰੀ ਕਰ ਦਿੱਤੀ ਜਾਵੇਗੀ ਅਤੇ ਇਹ ਐਸੋਸੀਏਸ਼ਨ ਦੀ ਵੈਬਸਾਈਟ pbgcrtwa.org ਦੇ ਸਕਾਲਰਸ਼ਿਪ ਫੋਲਡਰ ਤੇ ਅਪਲੋਡ ਕਰ ਦਿੱਤੀ ਜਾਵੇਗੀ।

(ਡਾ. ਪਰਮਜੀਤ ਸਿੰਘ),
ਸਕੱਤਰ, ਵਜ਼ੀਫਾ
ਵਾਸਤੇ ਪ੍ਰਧਾਨ, ਗੌਰਮਿੰਟ ਕਾਲਜ ਰਿਟਾਇਰਡ ਟੀਚਰਜ਼ ਵੈਲਫੇਅਰ ਐਸੋਸੀਏਸ਼ਨ (ਪੰਜਾਬ)।

ਫਾਰਮ ਭੇਜਣ ਲਈ ਪਤਾ:

ਡਾ. ਪਰਮਜੀਤ ਸਿੰਘ, ਸੇਵਾ ਮੁਕਤ ਪ੍ਰਿੰਸੀਪਲ, ਲੇਨ ਨੰਬਰ-2, ਬਲਾਕ-ਬੀ, ਸਿੱਖ ਲਾਈਨਜ਼, ਹੁਸ਼ਿਆਰਪੁਰ।
ਮੋਬਾਈਲ ਨੰਬਰ 9464061961

ਦਫਤਰ ਪ੍ਰਿੰਸੀਪਲ ਸਰਕਾਰੀ ਕਾਲਜ ਡੇਰਾ ਬੱਸੀ (ਐਸ.ਏ.ਐਸ.ਨਗਰ)

ਵੱਲ

ਡਾ. ਪਰਮਜੀਤ ਸਿੰਘ
ਸਕੱਤਰ, ਵਜ਼ੀਫਾ
ਵਾਸਤੇ ਪ੍ਰਧਾਨ, ਗੌਰਮਿੰਟ ਕਾਲਜ ਰਿਟਾਇਰਡ
ਟੀਚਰ ਵੈਲਫੇਅਰ ਐਸੋਸੀਏਸ਼ਨ (ਪੰਜਾਬ)

ਪੱਤਰ ਨੰ: 1514
ਮਿਤੀ: 16-3-23

**ਵਿਸ਼ਾ:** **ਆਪ ਦੀ ਐਸੋਸੀਏਸ਼ਨ ਤੋਂ ਵਜ਼ੀਫਾ ਲੈਣ ਲਈ ਇਸ ਕਾਲਜ ਦੇ ਯੋਗ ਵਿਦਿਆਰਥੀਆਂ ਦੇ ਨਾਮ ਭੇਜਣ ਬਾਰੇ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਵੱਲੋਂ ਭੇਜੇ ਗਏ ਨਿਰਧਾਰਤ ਪ੍ਰੋਫਾਰਮੇ ਅਨੁਸਾਰ ਇਸ ਕਾਲਜ ਦੇ ਰੈਗੂਲਰ ਹੇਠ ਲਿਖੇ 11 ਯੋਗ ਵਿਦਿਆਰਥੀਆਂ ਦੇ ਨਾਮ ਆਪ ਜੀ ਦੀ ਐਸੋਸੀਏਸ਼ਨ ਪਾਸੋਂ ਵਜ਼ੀਫਾ ਪ੍ਰਾਪਤ ਕਰਨ ਲਈ ਭੇਜੇ ਜਾਂਦੇ ਹਨ।

| Sr. No. | Name | Father's Name | Class |
|---|---|---|---|
| 1 | Shweta Mishra | Vijay Mishra | B.Com- Ist |
| 2 | Khushboo Kumari | Om Prakash Singh | B.Com-IIIrd |
| 3 | Paranjay Gumber | Parveen Gumber | B.Com-Ist |
| 4 | Shallu Kumari | Ravinder Prasad | B.Com-IIIrd |
| 5 | Jasmeet Kaur | Surinder Singh | B.Com-IIIrd |
| 6 | Ansh Sharma | Raj Kumar | B.Com-IInd |
| 7 | Maharaj Singh | Sanjeev Kumar | B.Com-IInd |
| 8 | Manisha | Karishan Nandan | B.Com-IInd |
| 9 | Mandeep Kaur | Harnek Singh | B.Com-IInd |
| 10 | Navjot Kaur | Gurdeep Singh | B.Com- IInd |
| 11 | Manpreet Kaur | Bachan Singh | B.Com (Honours)-IInd |

ਪ੍ਰਿੰਸੀਪਲ
ਸਰਕਾਰੀ ਕਾਲਜ ਡੇਰਾਬੱਸੀ
ਐਸ.ਏ.ਐਸ.ਨਗਰ